**ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ**

**ਨਰਮੇ-ਕਪਾਹ ਦੀ ਕਾਸ਼ਤ ਲਈ 21ਵੀਂ ਹਫ਼ਤਾਵਾਰੀ ਸਲਾਹ (10 ਅਕਤੂਬਰ ਤੋਂ 16 ਅਕਤੂਬਰ, 2023 ਤੱਕ)**

| ਪੰਜਾਬ | | ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | | ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | |
|---|---|---|---|---|---|---|---|---|---|---|---|
| | | ਅਕਤੂਬਰ | | | | | ਅਕਤੂਬਰ | | | | |
| | | 06 | 07 | 08 | 09 | 10 | 12 | 13 | 14 | 15 | 16 |
|  | ਫ਼ਿਰੋਜ਼ਪੁਰ | | | | | | 0 | 0 | 0 | 2 | 1 |
| | ਫ਼ਰੀਦਕੋਟ | 0 | 0 | 0 | 0 | 0 | 0 | 0 | 0 | 2 | 1 |
| | ਮੁਕਤਸਰ | 0 | 0 | 0 | 0 | 0 | 0 | 0 | 0 | 2 | 0 |
| | ਬਠਿੰਡਾ | 0 | 0 | 0 | 0 | 0 | 0 | 0 | 0 | 2 | 0 |
| | ਸੰਗਰੂਰ | 0 | 0 | 0 | 0 | 0 | 0 | 0 | 0 | 0 | 0 |
| | ਲੁਧਿਆਣਾ | 0 | 0 | 0 | 0 | 0 | 0 | 0 | 0 | 2 | 4 |
| ਮੀਂਹ ਦੀ ਮਾਤਰਾ ਅਤੇ ਰੰਗ ਕੋਡ | | 0.1 to 2.4 ਮਿ. ਮੀ. | | 2.5 to 15.5 ਮਿ. ਮੀ. | | 15.6 to 64.4 ਮਿ. ਮੀ. | 64.5 to 115.5 ਮਿ. ਮੀ. | | 115.6 to 204.4 | | |
| ਮੀਂਹ ਦੀ ਕਿਸਮ | | ਬਹੁਤ ਹਲਕਾ ਮੀਂਹ | | ਹਲਕਾ ਮੀਂਹ | | ਮੱਧਮ ਦਰਜੇ ਦਾ ਮੀਂਹ | ਭਾਰਾ ਮੀਂਹ | | ਬਹੁਤ ਭਾਰਾ ਮੀਂਹ | | |

**ਫ਼ਸਲ ਦੀ ਹਾਲਤ :**

ਬਠਿੰਡਾ ਵਿਖੇ ਫ਼ਸਲ 137 ਤੋਂ 152 ਦਿਨ ਦੀ ਹੋ ਗਈ ਹੈ ਅਤੇ ਟੀਂਡੇ ਬਣਨ ਅਤੇ ਖਿੜਣ ਲੱਗੇ ਹਨ । ਕੁੱਲ ਮਿਲਾ ਕੇ, ਚੁਗਾਈ ਦਾ ਕੰਮ ਚੱਲ ਰਿਹਾ ਹੈ। ਰਸ ਚੂਸਣ ਵਾਲੇ ਕੀੜੇ ਆਰਥਿਕ ਪੱਧਰ ਤੋਂ ਹੇਠਾਂ ਹਨ। ਗੁਲਾਬੀ ਸੁੰਡੀ ਦਾ ਹਮਲਾ ਹਰੇ ਟੀਂਡਿਆਂ ਵਿੱਚ 0-60 % ਅਤੇ ਖਿੜੇ ਹੋਏ ਟੀਂਡਿਆਂ ਵਿੱਚ 0-20 % ਸੀ। ਬਹੁਤੇ ਖੇਤਾਂ ਵਿੱਚ ਟੀਂਡੇ ਗਲਣ ਦੀ ਬਿਮਾਰੀ ਦੇਖੀ ਗਈ ਹੈ ।

ਫ਼ਰੀਦਕੋਟ ਵਿਖੇ ਫ਼ਸਲ 152 ਤੋਂ 169 ਦਿਨਾਂ ਦੀ ਹੈ ਅਤੇ ਟੀਂਡੇ ਪੱਕਣ ਅਤੇ ਖਿੜਣ ਲੱਗੇ ਹਨ। ਫ਼ਸਲ ਦੀ ਚੁਗਾਈ ਚੱਲ ਰਹੀ ਹੈ।

**ਸਲਾਹ :-**

ਬਠਿੰਡਾ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜਿਨ੍ਹਾਂ ਇਲਾਕਿਆਂ ਵਿੱਚ ਫ਼ਸਲ 120-150 ਦਿਨਾਂ ਦੀ ਹੈ ਉੱਥੇ ਜੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਫੇਨਪ੍ਰੋਪੈਥਰੀਨ 10 ਈ ਸੀ @ 300 ਮਿਲੀਲੀਟਰ ਪ੍ਰਤੀ ਏਕੜ ਜਾਂ ਸਾਈਪਰਮੇਥ੍ਰਿਨ 25 % ਈ ਸੀ @ 100 ਮਿਲੀਲੀਟਰ ਪ੍ਰਤੀ ਏਕੜ ਜਾਂ ਡੈਲਟਾਮੇਥਰੀਨ 2.8 ਈ ਸੀ @ 200 ਮਿਲੀਲੀਟਰ ਪ੍ਰਤੀ ਏਕੜ ਜਾਂ ਫੈਨਵੈਲੇਰੇਟ 20 ਈ ਸੀ @ 200 ਮਿਲੀਲੀਟਰ ਪ੍ਰਤੀ ਏਕੜ ਜਾਂ ਲੈਂਬਡਾ ਸਾਈਲੋਥਰਿਨ 5 % ਈ ਸੀ @ 200 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਟੀਂਡੇ ਗਲਣ ਅਤੇ ਪੱਤਿਆਂ ਤੇ ਉੱਲੀਆਂ ਕਰਕੇ ਹੋਏ ਧੱਬਿਆਂ ਦੀ ਰੋਕਥਾਮ ਲਈ ਕਾਰਬੇਂਡਾਜ਼ਿਮ 50 ਡਬਲਯੂ ਪੀ @ 0.04 % ਜਾਂ ਕ੍ਰੇਸੋਕਸਿਮ ਮਿਥਾਈਲ 44.3 ਐਸਸੀ @ 0.1 % ਜਾਂ ਪ੍ਰੋਪੀਨੇਬ 70 ਡਬਲਯੂ ਪੀ @ 0.25 % ਜਾਂ ਪ੍ਰੋਪੀਕੋਨਾਜ਼ੋਲ 25 ਈ ਸੀ @ 0.01 % ਜਾਂ ਮੇਟੀਰਾਮ 55 % + ਪਾਈਰਾਕਲੋਸਟ੍ਰੋਬਿਨ 5 % ਡਬਲਯੂ ਜੀ @ 0.2 % ਜਾਂ ਅਜ਼ੋਕਸੀਸਟ੍ਰੋਬਿਨ 18.2 % ਡਬਲਯੂ / ਡਬਲਯੂ + ਡਿਫੇਨੋਕੋਨਾਜ਼ੋਲ 11.4 % ਡਬਲਯੂ / ਡਬਲਯੂ ਐਸਸੀ @ 0.1 % ਜਾਂ ਫਲੈਕਸਪਾਈਰੋਕਸੈਡ 167 ਗ੍ਰਾਮ ਪ੍ਰਤੀ ਲਿਟਰ ਪਾਣੀ + ਪਾਈਰਾਕਲੋਸਟ੍ਰੋਬਿਨ 333 (ਗ੍ਰਾਮ ਪ੍ਰਤੀ ਲਿਟਰ ਪਾਣੀ) ਐਸ ਸੀ @ 0.6 % ਦਾ ਛਿੜਕਾਅ ਕਰੋ। ਜਿਨ੍ਹਾਂ ਖੇਤਾਂ ਵਿੱਚ ਬੀ. ਟੀ. ਨਰਮੇ ਵਿੱਚ ਪੱਤਿਆਂ ਦੇ ਲਾਲ ਹੋਣ ਤੋਂ ਰੋਕਣ ਲਈ 15 ਦਿਨਾਂ ਦੇ ਵਕਫ਼ੇ ਤੇ 2 ਛਿੜਕਾਅ 1 % ਮੈਗਨੀਸ਼ੀਅਮ ਸਲਫੇਟ ਦੇ ਕਰਨ ।

ਫ਼ਰੀਦਕੋਟ ਵਿਖੇ, ਜਲਦੀ ਅਤੇ ਇਕਸਾਰ ਨਰਮਾ ਖਿੜਾਉਣ ਲਈ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਐਥਰੇਲ 39 % (ਈਥੇਫੋਨ 39 %) @ 5.0 ਮਿਲੀਲੀਟਰ / ਲੀਟਰ ਪਾਣੀ ਦੇ ਇੱਕ ਛਿੜਕਾਅ ਨਾਲ ਰਸਾਇਣਕ ਤੌਰ ਤੇ ਫ਼ਸਲ ਦੇ ਪੱਤੇ ਝਾੜ ਲੈਣ । ਇਸ ਛਿੜਕਾਅ ਦੇ ਸੱਤ ਦਿਨਾਂ ਬਾਅਦ 85–90 % ਪੱਤੇ ਝੜ ਜਾਂਦੇ ਹਨ ਇਹ ਸੰਘਣੇ ਅਤੇ ਜ਼ਿਆਦਾ ਪਤਰਾਲ ਵਾਲੇ

ਨਰਮੇਂ ਲਈ ਫ਼ਾਇਦੇਮੰਦ ਹੈ। ਮੰਡੀ ਵਿੱਚ ਵਧੇਰੇ ਕੀਮਤ ਲੈਣ ਲਈ ਨਰਮਾ-ਕਪਾਹ ਸਾਫ਼, ਸੁੱਕਾ ਅਤੇ ਤ੍ਰੇਲ ਸੁੱਕਣ ਤੋਂ ਬਾਅਦ ਚੁਣੋ। ਕਪਾਹ ਝੜਨ ਦੇ ਖ਼ਤਰੇ ਤੋਂ ਬਚਣ ਲਈ 15-20 ਦਿਨਾਂ ਬਾਅਦ ਚੁਗਾਈ ਕਰੋ। ਨਰਮਾ-ਕਪਾਹ ਚੁਗਣ ਤੋਂ ਬਾਅਦ ਗਿੱਲੇ ਖਾਲ਼ਾਂ ਵਿੱਚ ਨਾ ਰੱਖੋ ਕਿਉਂਕਿ ਇਸ ਤਰਾਂ ਕਰਨ ਨਾਲ ਨਰਮੇ-ਕਪਾਹ ਦੀ ਗੁਣਵੱਤਾ ਖ਼ਰਾਬ ਹੁੰਦੀ ਹੈ। ਨਰਮੇ-ਕਪਾਹ ਨੂੰ ਇੱਕ ਸੁੱਕੇ ਗੋਦਾਮ ਵਿੱਚ ਰੱਖੋ। ਮੰਡੀ ਵਿੱਚ ਵਧੇਰੇ ਕੀਮਤ ਲੈਣ ਲਈ ਵੱਖੋ-ਵੱਖ ਕਿਸਮਾਂ ਦੇ ਨਰਮੇ-ਕਪਾਹ ਨੂੰ ਅੱਡੋ-ਅੱਡ ਰੱਖੋ। ਆਖਰੀ ਚੁਗਾਈ ਤੋਂ ਤੁਰੰਤ ਬਾਅਦ, ਖੇਤ ਵਿੱਚੋਂ ਨਰਮੇ-ਕਪਾਹ ਦੀਆਂ ਛਟੀਆਂ ਬਾਹਰ ਕੱਢ ਦਿਓ ਅਤੇ ਗੁਲਾਬੀ ਸੁੰਡੀ ਤੋਂ ਬਚਾਅ ਲਈ ਬਾਕੀ ਬਚੇ ਬੂਟਿਆਂ ਦੇ ਮਲਬੇ ਨੂੰ ਮਿੱਟੀ ਪਲਟਾਊ ਪਲਾਓ ਹਲ ਨਾਲ ਜ਼ਮੀਨ ਵਿੱਚ ਦੱਬ ਦਿਓ।